ਹਰਿਮੰਦਰ ਤੇ ਸਿੱਖ ਗੁਰੂ ਸਾਹਿਬਾਨ

ਦਸ ਗੁਰੂ ਸਾਹਿਬਾਨ ਵਿਚੋਂ ਅਠ ਦਾ ਹਰਿਮੰਦਰ ਸਾਹਿਬ, ਸਰੋਵਰ ਸਾਹਿਬ ਜਾਂ ਉਸ ਜਗ੍ਹਾ ਨਾਲ ਜਿਥੇ ਇਹ ਪਵਿੱਤਰ ਤੀਰਥ ਬਣੇ ਹਨ, ਕਿਸੇ ਨਾ ਕਿਸੇ ਰੂਪ ਵਿਚ ਸਿਧਾ ਤੇ ਨੇੜਲਾ ਸਬੰਧ ਰਿਹਾ ਹੈ। ਕਹਿੰਦੇ ਹਨ ਗੁਰੂ ਨਾਨਕ ਸਚੇ ਪਾਤਸ਼ਾਹ 1502 ਈ. ਵਿਚ ਭਾਈ ਮਰਦਾਨੇ ਨਾਲ ਇਸ ਅਸਥਾਨ ਤੇ ਆਏ ਤੇ ਇਸ ਨੂੰ ਬੜਾ ਪਾਕ ਪਵਿੱਤਰ ਸਥਾਨ ਕਿਹਾ। ਇਹ ਸੁਣ ਕੇ ਨਾਲ ਲਗਦੇ ਪਿੰਡ ਦਾ ਜ਼ਿਮੀਂਦਾਰ ਭਾਈ ਤਾਰਾ ਆਪਣੇ ਘਰੋਂ ਦੇਸੀ ਘਿਓ ਦਾ ਪ੍ਰਸ਼ਾਦ ਬਣਾ ਕੇ ਲੈ ਆਇਆ ਜਿਸ ਨੂੰ ਛਕ ਕੇ ਭਾਈ ਮਰਦਾਨੇ ਨੇ ਕਿਹਾ ਕਿ ਇਹ ਤਾਂ ਅੰਮ੍ਰਿਤ ਭੋਜਨ ਹੈ। ਇਸ ਦੇ ਉਤਰ ਵਿਚ ਗੁਰੂ ਜੀ ਨੇ ਬਖਸ਼ਿਸ਼ ਰੂਪ ਵਿਚ ਫਰਮਾਨ ਕੀਤਾ ਕਿ ਇਥੇ ਹਮੇਸ਼ਾ ਇਹੋ ਜਿਹਾ ਅੰਮ੍ਰਿਤ ਪ੍ਰਸ਼ਾਦ ਹੀ ਵੰਡਿਆ ਜਾਂਦਾ ਰਹੇਗਾ। ਸਹਿਜ ਸੁਭਾਏ ਅਜਿਹੇ ਸ਼ਬਦ ਉਚਰ ਕੇ ਸਤਿਗੁਰਾਂ ਨੇ ਹਰਿਮੰਦਰ ਸਾਹਿਬ ਦੀ ਅਧਿਆਤਮਕ ਰੂਪ ਵਿੱਚ ਨੀਂਹ ਤਾਂ ਰੱਖ ਹੀ ਦਿੱਤੀ। ਇਸ ਤੋਂ ਮਗਰੋਂ 1532 ਈ. ਵਿਚ ਗੁਰੂ ਸਾਹਿਬ ਭਾਈ ਲਹਿਣਾ ਜੀ ਨਾਲ ਆ ਕੇ ਉਸ ਛਪੜੀ ਦੇ ਕੰਢੇ ਬੈਠੇ ਜਿਥੇ ਅੱਜ ਸਰੋਵਰ ਅਤੇ ਹਰਿਮੰਦਰ ਸਾਹਿਬ ਸੁਭਾਇਮਾਨ ਹਨ ਅਤੇ ਇਸ ਅਸਥਾਨ ਦੀ ਮਹਤਤਾ ਬਾਰੇ ਭਵਿਸ਼ ਬਾਣੀ ਕੀਤੀ [(ਹਵਾਲਾ ਤਾਰੀਖ ਖਾਲਸਾ ਪੰਨਾ 644, ਸੂਰਜ ਪਰਕਾਸ਼ (ਵਜ਼ੀਰ ਹਿੰਦ ਪ੍ਰੈਸ ਪੰਨਾ 2081)]। ਇਸੇ ਅਸਥਾਨ ਤੇ ਉਨ੍ਹਾਂ ਦਾ ਮੇਲ ਬਾਬਾ ਬੁੱਢਾ ਜੀ ਨਾਲ ਵੀ ਹੋਇਆ (ਹਵਾਲਾ **History of Punjab** ਮੈਕਾਲਫ ਪੰਨਾ 247)। ਤੀਜੇ ਪਾਤਸ਼ਾਹ ਨੇ ਦੂਜੇ ਸਤਿਗੁਰਾਂ ਪਾਸੋਂ ਇਸ ਢਾਬ ਦੀ ਮਹਿਮਾ ਸੁਣੀ ਤਾਂ ਆਪਣੇ ਸੰਕਲਪ ਵਿਚ ਇਸ ਪਵਿੱਤਰ ਅਸਥਾਨ ਨੂੰ ਸਿਫਤੀ ਦਾ ਘਰ ਕਹਿ ਕੇ ਇਸ ਦੀ ਸਿਰਜਨਾ ਵਿਚ ਆਪਣੀਆਂ ਅਸੀਸਾਂ ਸੰਜੋ ਦਿੱਤੀਆਂ। ਉਹ ਕਈ ਵਾਰੀ ਇਸ ਥਾਂ ਤੇ ਪਧਾਰੇ ਤੇ ਅਭਿਲਾਸ਼ੀ ਪੁਰਸ਼ਾਂ ਨੂੰ ਅਧਿਆਤਮਿਕ ਸੰਦੇਸ਼ ਤੇ ਉਪਦੇਸ਼ ਦੇ ਕੇ ਉਨ੍ਹਾਂ ਦਾ ਉਧਾਰ ਕਰਦੇ ਰਹੇ (ਹਵਾਲਾ ਸਿੱਖ ਸਭਾ ਪਤ੍ਰਕਾ ਅੰਮ੍ਰਿਤਸਰ, ਅੰਕ ਅਕਤੂਬਰ-ਨਵੰਬਰ 1977)। ਉਨ੍ਹਾਂ ਨੇ ਭਾਈ ਜੇਠਾ ਜੀ ਨੂੰ ਗੁਰਗਦੀ ਦੇਣ ਤੋਂ ਪਹਿਲਾਂ ਹੀ ਇਸ ਅਸਥਾਨ ਤੇ ਅੰਮ੍ਰਿਤ ਸਰੋਵਰ ਬਣਵਾਉਣ ਅਤੇ ਨਗਰ ਵਸਾਉਣ ਲਈ ਭੇਜਿਆ (ਹਵਾਲਾ ਸੂਰਜ ਪਰਕਾਸ਼ ਪੰਨਾ 2088)। ਇਸ ਤਰ੍ਹਾਂ ਭਾਈ ਜੇਠਾ ਜੀ ਨੇ, ਜੋ ਮਗਰੋਂ ਚੌਥੇ ਗੁਰੂ ਥਾਪੇ ਜਾਣ ਤੇ ਗੁਰੂ ਰਾਮਦਾਸ ਪਾਤਸ਼ਾਹ ਅਖਵਾਏ, ਨੇ ਤਾਂ ਆਪਣੇ ਹੱਥੀਂ ਸਰੋਵਰ ਸਾਹਿਬ ਦੀ ਸੇਵਾ ਕਰਕੇ ਇਸ ਦੇ ਕਣ ਕਣ ਵਿਚ ਅਮਰਤਾ ਭਰ ਦਿੱਤੀ। ਇਵੇਂ ਹੀ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੇ ਨਿਰਮਾਣ ਨੂੰ ਆਪਣੇ ਹੱਥਾਂ ਵਿਚ ਲੈ ਕੇ ਇਸ ਨੂੰ ਸੰਪੂਰਣ ਕਰਵਾਇਆ।

ਭਯੋ ਸੰਪੂਰਨ ਸ੍ਰੀ ਹਰਿਮੰਦਰ

ਜਿਹ ਸਮਸਰ (ਬਰਾਬਰ) ਨ ਅਪਰ (ਹੋਰ) ਜੁਗ ਅੰਦਰ।

ਗੁਰੂ ਅਰਜਨ ਦੇਵ ਜੀ ਨੇ ਗੁਰਸਿੱਖੀ ਨੂੰ ਕਈ ਨਵੀਆਂ ਦਿਸ਼ਾਵਾਂ ਦੇਣੀਆਂ ਸਨ। ਉਨ੍ਹਾਂ ਨੇ ਹਰਿਮੰਦਰ ਸਾਹਿਬ ਤੇ ਅੰਮ੍ਰਿਤਸਰ ਸ਼ਹਿਰ ਅਬਾਦ ਕਰਵਾ ਕੇ ਸਿੱਖਾਂ ਨੂੰ ਅਹਿਲੇ-ਮੁਕਾਮ ਬਣਾਇਆ ਜਿਥੇ ਵਸ ਕੇ ਸਿੱਖ ਆਪਣਾ ਜੀਵਨ ਗੁਰ ਆਸ਼ੇ ਅਨੁਸਾਰ ਬਿਤਾ ਸਕਣ ਅਤੇ ਇਕ ਥਾਂ ਤੇ ਇਕੱਠੇ ਰਹਿ ਕੇ ਜਥੇਬੰਦਕ ਰੂਪ ਵਿਚ ਵਧੇਰੇ ਸ਼ਕਤੀ ਦੇ ਮਾਲਕ ਬਣ ਸਕਣ। ਉਨ੍ਹਾਂ ਨੇ ਆਮ ਮਨੁੱਖ ਨੂੰ ਅਕਾਲਪੁਰਖ ਦੇ ਪਿਆਰ ਕਲਾਵੇ ਵਿਚ ਲਿਆਉਣ ਲਈ ਸਰਲ ਪੰਜਾਬੀ ਭਾਸ਼ਾ ਵਿਚ ਵਡੀ ਮਾਤਰਾ ਵਿਚ ਇਲਾਹੀ ਬਾਣੀ ਰਚੀ ਜਿਸ ਦੇ 2218 ਸ਼ਬਦ ਸਨ। ਇਸ ਤਰ੍ਹਾਂ ਸਿੱਖ ਇਕ ਸ਼ਕਤੀਸ਼ਾਲੀ ਦੇਸੀ ਭਾਸ਼ਾ ਨਾਲ ਜੁੜ ਗਏ ਜੋ ਉਨ੍ਹਾਂ ਦੀ ਆਪਣੀ ਬੋਲ ਚਾਲ ਦੀ ਭਾਸ਼ਾ ਹੋਣ ਕਾਰਨ ਉਸ ਵਿਚ ਰਚੀ ਇਲਾਹੀ ਬਾਣੀ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝ ਆਉਣ ਲਗ ਪਈ। ਇਵੇਂ ਆਪਣੇ ਧਾਰਮਿਕ ਕੰਮਾਂ ਕਾਜਾਂ ਲਈ ਸੰਸਕ੍ਰਿਤ ਰੂਪੀ ਪੰਡਤਾਊ ਭਾਸ਼ਾ ਨਾਲੋਂ ਆਮ ਮਨੁੱਖ ਦਾ ਨਾਤਾ ਟੁੱਟ ਜਿਹਾ ਗਿਆ ਕਿਉਂਕਿ ਉਨ੍ਹਾਂ ਦੀਆਂ ਅਜਿਹੀਆਂ ਲੋੜਾਂ ਹੁਣ ਉਨ੍ਹਾਂ ਦੀ ਮਾਂ ਬੋਲੀ ਪੰਜਾਬੀ ਹੀ ਪੂਰੀਆਂ ਕਰਨ ਲਗ ਪਈ। ਇਵੇਂ ਪੰਜਾਬ ਵਾਸੀਆਂ ਨੂੰ ਪੰਚਮ ਪਿਤਾ ਨੇ ਅਹਿਲੇ-ਜ਼ਬਾਨ ਬਣਾ ਕੇ ਅਥਾਹ ਸ਼ਕਤੀ ਪ੍ਰਦਾਨ ਕੀਤੀ ਜਿਸਨੇ ਉਨ੍ਹਾਂ ਦਾ ਸਮਾਜਿਕ ਮਾਣ ਵੀ ਵਧਾਇਆ। ਫਿਰ ਜਦ ਸੰਨ 1601 ਈ. ਵਿੱਚ ਹਰਿਮੰਦਰ ਸਾਹਿਬ ਦੀ ਸਿਰਜਨਾ ਸੰਪੂਰਨ ਹੋਈ ਤਾਂ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਪ੍ਰਾਰੰਭ ਕਰ ਦਿੱਤਾ ਅਤੇ 30 ਅਗਸਤ 1604 ਈ. ਨੂੰ ਆਦਿ ਗ੍ਰੰਥ ਸਾਹਿਬ ਨੂੰ ਦਰਬਾਰ ਸਾਹਿਬ ਵਿਚ ਬਿਰਾਜਮਾਨ ਕਰਨ ਦਾ ਸ਼ੁਗਨਾਂ ਭਰਪੂਰ

ਸਦਾ ਕਰਹਿ ਜੈਕਾਰਾ ਰਾਮ ॥
ਗੁਣ ਗਾਇ ਗੋਬਿੰਦ ਅਨਦ ਉਪਜੇ
ਸਾਧ ਸੰਗਤ ਸੰਗਿ ਬਨੀ ॥
ਜਿਨਿ ਉਦਮੁ ਕੀਆ ਤਾਲ ਕੇਰਾ
ਤਿਸ ਕੀ ਉਪਮਾ ਕਿਆ ਗਨੀ ॥

ਕਾਰਜ ਸੰਪੰਨ ਹੋਇਆ। ਜਦ ਹਰਿਮੰਦਰ ਸਾਹਿਬ ਵਿਚ ਆਦਿ ਗ੍ਰੰਥ ਸਾਹਿਬ ਨੂੰ ਸ਼ਸ਼ੋਭਤ ਕਰ ਕੇ ਪ੍ਰਥਮ ਹੁਕਮਨਾਮਾ ਲਿਆ ਗਿਆ ਤਾਂ ਹਰਿਮੰਦਰ ਸਾਹਿਬ ਦੀ ਸਾਰੀ ਫਿਜ਼ਾ ਸਤਿਨਾਮੁ ਵਾਹਿਗੁਰੂ ਦੇ ਪਵਿੱਤਰ ਉਚਾਰਨ ਨਾਲ ਰਤੀ ਜਹੀ ਗਈ। ਆਦਿ ਗ੍ਰੰਥ ਸਾਹਿਬ ਦਾ ਵਰਦਾਨ ਪ੍ਰਾਪਤ ਕਰਕੇ ਗੁਰੂ ਅਰਜਨ ਦੇਵ ਜੀ ਦੀ ਕਿਰਪਾ ਨਾਲ ਸਿੱਖ ਅਹਿਲੇ-ਗ੍ਰੰਥ ਬਣ ਗਏ। ਇਵੇਂ ਸ਼ਬਦ-ਗੁਰੂ ਦੇ ਪ੍ਰਗਟ ਹੋਣ ਦਾ ਅਮਲ ਪ੍ਰਾਰੰਭ ਹੋ ਗਿਆ ਜੋ 7 ਅਕਤੂਬਰ 1708 ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਨਾਦੇੜ ਵਿਖੇ ਜੋਤੀ ਜੋਤ ਸਮਾਉਣ ਲਗਿਆਂ ਆਦਿ ਗ੍ਰੰਥ ਸਾਹਿਬ ਨੂੰ ਸ਼ਬਦ-ਗੁਰੂ ਦੇ ਰੂਪ ਵਿਚ ਗੁਰਗਦੀ ਪ੍ਰਦਾਨ ਕਰਨ ਨਾਲ ਸਿੱਖ ਸੰਗਤਾਂ ਵਲੋਂ ਸ਼ਰਧਾ ਸੁਮਨ ਅਰਪਤ ਕਰਦਿਆਂ ਸੰਪੰਨ ਹੋਇਆ। ਸਾਰੇ ਕਾਰਜ ਵਿਚ ਗੁਰੂ-ਜੋਤਾਂ ਅਤੇ ਉਨ੍ਹਾਂ ਦੇ ਸਰੂਪ ਵਿਚ ਅਕਾਲਪੁਰਖ ਦੀ ਸੁਦ੍ਰਿੜ ਕਿਰਿਆ ਕਰਮਸ਼ੀਲ ਰਹੀ। ਗੁਰੂ ਅਰਜਨ ਦੇਵ ਜੀ ਜਦ ਹਰਿਮੰਦਰ ਸਾਹਿਬ ਦੀ ਸੇਵਾ ਕਰਵਾ ਰਹੇ ਸਨ ਤਾਂ ਉਹ ਇਹ ਵੇਖ ਕੇ ਬਹੁਤ ਪ੍ਰਸੰਨ ਹੋਏ ਕਿ ਅਕਾਲਪੁਰਖ ਖੁਦ ਮਨੁੱਖ ਦੇ ਸਰੂਪ ਵਿਚ ਹਰਿ ਕੀ ਪਉੜੀ ਦੇ ਅਸਥਾਨ ਤੇ ਟੋਕਰੀ ਸਿਰ ਤੇ ਚੁਕੀ ਇਸ ਪੁਨੀਤ ਸਥਾਨ ਦੀ ਸੇਵਾ ਵਿਚ ਜੁਟੇ ਹੋਏ ਸਨ। ਇਸ ਅਗੰਮੀ ਨਜ਼ਾਰੇ ਨੂੰ ਗੁਰੂ ਸਾਹਿਬ ਨੇ ਆਪਣੇ ਇਕ ਸ਼ਬਦ ਵਿਚ ਮੂਰਤੀਮਾਨ ਕੀਤਾ ਹੈ ਜਿਸ ਨੂੰ ਸੂਹੀ ਰਾਗ ਵਿਚ ਇਵੇਂ ਕਲਮੀ ਰੂਪ ਦਿੱਤਾ ਗਿਆ ਹੈ :-

ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ
ਸਗਲ ਮਨੋਰਥ ਪੂਰੇ ॥
ਜੈ ਜੈਕਾਰੁ ਭਇਆ ਜਗ ਅੰਤਰਿ
ਲਾਥੇ ਸਗਲ ਵਿਸੂਰੇ ॥
ਪੂਰਨ ਪੂਰਖ ਅਚੁਤ ਅਬਿਨਾਸੀ
ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ
ਨਾਨਕ ਨਾਮੁ ਧਿਆਇਆ ॥
ਨਵਨਿਧਿ ਸਿਧਿ ਰਿਧਿ ਦੀਨੇ ਕਰਤੇ
ਤੋਟਿ ਨ ਆਵੈ ਕਾਈ ਰਾਮ ॥
ਖਾਤ ਖਰਚਤ ਬਿਲਛਤ ਸੁਖੁ ਪਾਇਆ
ਕਰਤੇ ਕੀ ਦਾਤਿ ਸਵਾਈ ਰਾਮ ॥
ਦਾਤਿ ਸਵਾਈ ਨਿਖੁਟਿ ਨ ਜਾਈ
ਅੰਤਰਜਾਮੀ ਪਾਇਆ ॥
ਕੋਟਿ ਬਿਘਨ ਸਗਲੇ ਉਠਿ ਨਾਠੇ
ਦੂਖੁ ਨ ਨੇੜੈ ਆਇਆ ॥
ਸਾਤਿ ਸਹਜ ਆਨੰਦ ਘਨੇਰੇ
ਬਿਨਸੀ ਭੂਖ ਸਬਾਈ ॥
ਨਾਨਕ ਗੁਣ ਗਾਵਹਿ ਸੁਆਮੀ ਕੇ
ਅਚਰਜੁ ਜਿਸੁ ਵਡਿਆਈ ਰਾਮ ॥
ਜਿਸ ਕਾ ਕਾਰਜੁ ਤਿਨ ਹੀ ਕੀਆ
ਮਾਣਸੁ ਕਿਆ ਵੇਚਾਰਾ ਰਾਮ ॥
ਭਗਤ ਸੋਹਿਨ ਹਰਿ ਕੇ ਗੁਣ ਗਾਵਹਿ
ਅਠ ਸਠਿ ਤੀਰਥ ਪੁਨੰ ਕਿਰਿਆ
ਮਹਾ ਨਿਰਮਲ ਚਾਰਾ ॥
ਪਤਿਤ ਪਾਵਨੁ ਬਿਰਦੁ ਸੁਆਮੀ
ਨਾਨਕ ਸਬਦ ਅਧਾਰਾ ॥
ਗੁਣ ਨਿਧਾਨ ਮੇਰਾ ਪ੍ਰਭੁ
ਕਰਤਾ ਉਸਤਤਿ ਕਉਨੁ ਕਰੀਜੈ
ਰਾਮ ॥
ਸੰਤਾ ਕੀ ਬੇਨੰਤੀ ਸੁਆਮੀ
ਨਾਮੁ ਮਹਾ ਰਸ ਦੀਜੈ ਰਾਮ ॥
ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥
ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥
ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ ॥
ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ
(ਜੀਉਂਦਾ ਹੈ)॥

ਅੰਗ-783/84

ਇਸ ਤੋਂ ਵਡੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਹਰਿਮੰਦਰ ਸਾਹਿਬ ਤੇ ਇਸ ਦੀ ਪਵਿੱਤਰ ਭੂਮੀ ਨਾਲ ਜਿਥੇ ਅਠ ਗੁਰੂ ਸਾਹਿਬਾਨ ਸਿਧੇ ਤੌਰ ਤੇ ਸਬੰਧਤ ਰਹੇ ਹਨ, ਉਥੇ ਸਈਓ ਨੀ, ਇਹ ਸੁਹਣਾ ਤੇ ਸੁਨਹਿਰੀ ਮੰਦਰ ਕਿਸ ਦਾ ਏ,

ਮੰਗ੍ਹੀਆਂ ਮੁਰਾਦਾਂ ਮਿਲਣ, ਐਡਾ ਉੱਚਾ ਦਰ ਕਿਸਦਾ ਏ।

ਸਰੂਪ ਸਿੰਘ ਅਲੱਗਾ

ਇਥੇ ਖੁਸ਼ੀਆਂ ਦੇ ਨੇ ਬੇਅੰਤ ਖਜ਼ਾਨੇ ਖੁਲ੍ਹੇ,
ਕਿਤੇ ਬੈਕੁੰਠ ਨ ਹੋਵੇ, ਇਹ ਨਗਰ ਕਿਸ ਦਾ ਏ।
ਅਰਸ਼ ਤੋਂ ਨੀਝ ਲਗਾ ਚੰਨ ਤੇ ਸਿਤਾਰੇ ਵੇਖਣ,
ਫਰਸ਼ ਤੇ ਹੀਰੇ ਜੜ੍ਹੇ ਨੇ, ਇਹ ਹੁਨਰ ਕਿਸ ਦਾ ਏ।
ਏਹਦੀ ਹਰ ਤਾਨ 'ਚ ਸਵਰਗਾਂ ਦੇ ਸੁਨੇਹੇ ਹਨ 'ਸ਼ੌਕ'
ਹਲਕਾ ਹਲਕਾ ਇਹ ਮਧੁਰ ਨਾਦ, ਇਹ ਸੁਰ ਕਿਸ ਦਾ ਏ।

ਸਵਰਗੀ ਧਰਮ ਸਿੰਘ 'ਸ਼ੌਕ'

ਭੱਟਾਂ ਨੇ ਆਪਣੇ ਸਵਈਆਂ ਵਿਚ ਇਸ ਗੱਲ ਦੇ ਹਵਾਲੇ ਦੇ ਕੇ ਖੁਸ਼ੀ ਪ੍ਰਗਟਾਈ ਹੈ ਕਿ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਜੋਤ ਹਰਿਮੰਦਰ ਪਰੀਸਰ ਵਿਚ ਹਰ ਸਮੇਂ ਵਿਦਮਾਨ ਹੈ ਅਤੇ ਇਸ ਅਸਥਾਨ ਨੂੰ ਆਪਣੇ ਪੁਨੀਤ ਵਰਦਾਨਾਂ ਨਾਲ ਨਿਰੰਤਰ ਮਾਲਾ ਮਾਲ ਕਰ ਰਹੀ ਹੈ।

ਕਰਹਿ ਕਾਮਨਾ ਤਤਛਿਨ (ਤੁਰੰਤ) ਪਾਵਹਿ

ਗੁਰੂ ਹਰਿਗੋਬਿੰਦ ਸਾਹਿਬ ਦੀ ਹਰਿਮੰਦਰ ਸਾਹਿਬ ਪ੍ਰਤੀ ਅਕਾਲਪੁਰਖ ਨੇ ਵੀ ਹਰਿਮੰਦਰ ਦੇ ਨਿਰਮਾਣ ਵਿਚ ਆਪਣਾ ਯੋਗਦਾਨ ਪਾਇਆ ਹੈ ਅਤੇ ਇਵੇਂ ਇਸ ਨੂੰ ਵਿਸ਼ਵ ਭਰ ਦਾ ਸਭ ਨਾਲੋਂ ਮਹੱਤਵਪੂਰਣ ਅਸਥਾਨ ਹੋਣ ਦਾ ਸੁਭਾਗਾ ਮਾਣ ਬਖਸ਼ਿਆ ਹੈ। ਹਰਿਮੰਦਰ ਤਾਂ ਧਰਤੀ ਤੇ ਸਚਖੰਡ ਜਾਂ ਬੈਕੁੰਠ ਦੇ ਰੂਪ ਵਿੱਚ ਉਤਰਿਆ ਹੈ :

ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਜੋਤ ਹਰਿਮੰਦਰ ਪਰੀਸਰ ਵਿਚ ਹਰ ਸਮੇਂ ਵਿਦਮਾਨ ਹੈ ਅਤੇ ਇਸ ਅਸਥਾਨ ਨੂੰ ਆਪਣੇ ਪੁਨੀਤ ਵਰਦਾਨਾਂ ਨਾਲ ਨਿਰੰਤਰ ਮਾਲਾ ਮਾਲ ਕਰ ਰਹੀ ਹੈ।

ਕਰਹਿ ਕਾਮਨਾ ਤਤਛਿਨ (ਤੁਰੰਤ) ਪਾਵਹਿ

ਗੁਰੂ ਹਰਿਗੋਬਿੰਦ ਸਾਹਿਬ ਦੀ ਹਰਿਮੰਦਰ ਸਾਹਿਬ ਪ੍ਰਤੀ ਸ਼ਰਧਾ ਅਟੱਲ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਤੀਜਾ ਨੁਕਤਾ ਸਿੱਖੀ ਸੰਘਰਸ਼ ਦੇ ਅਸੂਲਾਂ ਵਿੱਚ ਹੋਈ ਘੁਸਪੈਠ ਕਾਰਨ ਸਾਡੇ ਸਿੱਖ ਨੌਜਵਾਨ ਪੀੜ੍ਹੀ ਦਾ ਬਹੁਤ ਨੁਕਸਾਨ ਹੋਇਆ ਹੈ। ਇਸ ਨੁਕਤੇ ਨੂੰ ਵਿਚਾਰਨ ਦੀ ਅਹਿਮ ਲੋੜ ਹੈ। ਪ੍ਰਿੰਸੀਪਲ ਸਤਿਬੀਰ ਸਿੰਘ (ਸਵ:) ਇੱਕ ਲੇਖ ਵਿੱਚ ਲਿਖਦੇ ਹਨ। ਪਹਿਲਾਂ ਮਰਨ ਕਬੂਲ ਦੀ ਸ਼ਰਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਬਣਨ ਲਈ ਜ਼ਰੂਰ ਕਰੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਮਲੂ ਜੀ ਨੂੰ ਉਪਦੇਸ਼ ਦਿੰਦੇ ਹੋਏ ਕਿਹਾ ਸੀ ਕਿ ਯੁੱਧ ਕਰਦੇ ਸਮੇ ਥੋੜ੍ਹਿਆਂ ਬਹੁਤਿਆਂ ਦੀ ਪਰਵਾਹ ਨਹੀਂ ਕਰਨੀ। ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਦੇ ਬਚਨ ਸਨ ਕਿ ਮਹਿਮਾਨ ਲਈ ਦੇਗ ਅਤੇ ਸਿਰ ਫ਼ਿਰਿਆਂ ਲਈ ਆਦੀ ਲੋਕਾਂ ਲਈ ਤੇਗ ਹਰ ਸਿੱਖ ਦੇ ਘਰ ਤਿਆਰ ਮਿਲਣੀ ਚਾਹੀਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਅਮ੍ਰਿਤ ਦਾ ਬਾਟਾ ਛਕਾ ਕੇ ਕਿਰਪਾਨ ਜਾਨੀ ਸ਼ਸ਼ਤਰ ਹਰ ਵੇਲੇ ਤਿਆਰ ਰੱਖਣ ਲਈ ਸਿੱਖਾਂ ਨੂੰ ਆਦੇਸ਼ ਦਿੱਤੇ ਸਨ। ਜ਼ੁਲਮ ਨਾਲ ਟੱਕਰ ਲੈਣ ਲਈ ਸਵਾ ਲੱਖ ਨਾਲ ਇੱਕ-ਇੱਕ ਲੜਿਆ। ਗੁਰੂ ਜੀ ਨੇ ਵੀ ਜੰਗਾਂ ਵਿੱਚ ਵੈਰੀਆਂ ਦੇ ਜਰਨੈਲਾਂ ਨੂੰ ਹੀ ਮਾਰ ਮੁਕਾਇਆ। ਸ੍ਰੀ ਹਰਗੋਬਿੰਦ ਸਿੰਘ ਜੀ ਨੇ ਵੀ ਵੈਰੀਆਂ ਦੇ ਜਰਨੈਲਾਂ ਨੂੰ ਹੀ ਲਲਕਾਰ ਕੇ ਪਾਰ ਬੁਲਾਇਆ, ਪਰ ਕਿਸੇ ਔਰਤ ਦੀ ਇੱਜ਼ਤ, ਗਹਿਣੇ ਆਦਿ ਨਹੀਂ ਲੁੱਟੇ। ਘਨੱਈਆ ਜੀ ਤਾਂ ਵੈਰੀਆਂ ਨੂੰ ਵੀ ਪਾਣੀ ਪਿਲਾਉਣ ਦੀ ਸੇਵਾ ਕਰਦੇ ਰਹੇ। ਕਿਸੇ ਨਿਹੱਥੇ ਜਾ ਆਮ ਪਬਲਿਕ ਉੱਪਰ ਕੋਈ ਹਮਲਾ ਨਹੀਂ ਕੀਤਾ। ਬੰਦਾ ਸਿੰਘ ਬਹਾਦਰ ਨੇ ਵੀ ਗੁਰੂ ਘਰ ਦੇ ਜ਼ਾਲਮਾਂ ਨੂੰ ਸੋਧਾ ਲਾਇਆ ਸੀ। ਮਿਸਲਾਂ ਦੇ ਜਥੇਦਾਰਾਂ ਨੇ ਵੀ ਸਰਕਾਰੀ ਖਜ਼ਾਨੇ ਹੀ ਲੁੱਟੇ ਅਤੇ ਵੈਰੀਆਂ ਦੀਆਂ ਫੌਜਾਂ ਨਾਲ ਮੈਦਾਨੇ ਜੰਗ ਵਿੱਚ ਹੀ ਦੋ-ਦੋ ਹੱਥ ਕੀਤੇ ਸਨ। ਇਹਨਾਂ ਦੇ ਤਪ ਕਾਰਨ ਹੀ ਦੁਸ਼ਟਾਂ ਦਾ ਨਾਸ਼ ਹੋਇਆ ਅਤੇ ਧਰਮ ਯੁੱਧ ਸਫ਼ਲ ਹੋਇਆ ਅਤੇ ਸਿੰਘਾਂ ਨੂੰ ਸਰਦਾਰ ਹੀ ਕਹਿ ਬੁਲਾਉਣ ਲੱਗੇ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਵੀ ਧਰਮ ਖ਼ਾਤਰ ਸਰਕਾਰੀ ਫੌਜਾਂ ਨਾਲ ਟੱਕਰ ਲਈ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਉਸ ਤੋਂ ਬਾਅਦ ਜੋ ਸੰਘਰਸ਼ ਦਾ ਦੌਰ ਸ਼ੁਰੂ ਹੋਇਆ। ਉਸ ਦੌਰ ਵਿੱਚ ਘੁਸਪੈਠ ਹੋ ਗਈ ਅਤੇ ਸਿੱਖ ਨੌਜਵਾਨ ਪੀੜ੍ਹੀ ਦਾ ਐਸਾ ਘਾਣ ਹੋਇਆ ਕਿ ਨੌਜਵਾਨ ਪੀੜ੍ਹੀ ਤਾਂ ਖ਼ਤਮ ਹੋਣ ਕਿਨਾਰੇ ਆ ਗਈ ਅਤੇ ਅਨੇਕਾਂ ਸਾਲਾਂ ਬਾਅਦ ਸਿੱਖ ਨੌਜਵਾਨ ਦੇ ਬੁੱਢੇ ਮਾਪਿਆਂ ਦਾ ਬਹੁਤ ਹੀ ਮਾੜਾ ਜੀਵਨ ਬਤੀਤ ਹੋ ਰਿਹਾ ਹੈ। ਸਾਨੂੰ ਕੁਰਬਾਨੀਆਂ ਦੇ ਕੇ ਦਿੱਤੀਆਂ ਸਰਦਾਰੀਆਂ ਦੀ ਬਜਾਏ ਸਿੱਖਾਂ ਨੂੰ ਸੰਸਾਰ ਪੱਧਰ 'ਤੇ ਅੱਤਵਾਦੀਆਂ ਦਾ ਦਰਜਾ ਦਿੱਤਾ ਜਾ ਚੁੱਕਾ ਹੈ। ਸਿੰਘ ਸੰਘਰਸ਼ 500 ਸਾਲ ਤੋਂ ਚੱਲ ਰਿਹਾ ਹੈ। ਪਿਛਲੇ ਦੌਰ ਵ